ਨਗਰ ਨਿਗਮ ਜਲੰਧਰ



ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ

ਮਿਤੀ **27-8-2018**

ਦੀ ਕਾਰਵਾਈ

(ਮਤਾ ਨੰ: **125-154**)

ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 27.8.2018 ਨੂੰ ਮੇਅਰ ਜੀ ਦੇ ਦਫਤਰ, ਨਗਰ ਨਿਗਮ ਵਿਖੇ, ਉਹਨਾਂ ਦੀ ਪ੍ਰਧਾਨਗੀ ਹੇਠ ਹੋਈ, ਦੀ ਕਾਰਵਾਈ।

ਮੀਟਿੰਗ ਵਿਚ ਹੇਠ ਲਿਖੇ ਅਨੁਸਾਰ ਹਾਜਰ ਹੋਏ:-

1. ਸ਼੍ਰੀ ਜਗਦੀਸ਼ ਰਾਜ ਰਾਜਾ, ਮੇਅਰ ..... ਚੇਅਰਮੈਨ
2. ਸ਼੍ਰੀ ਦੀਪਰਵਾ ਲਾਕਰਾ, ਆਈ.ਏ.ਐਸ., ਕਮਿਸ਼ਨਰ, ... ਮੈਂਬਰ
3. ਸ਼੍ਰੀਮਤੀ ਸੁਰਿੰਦਰ ਕੌਰ, ਸੀਨੀਅਰ ਡਿਪਟੀ ਮੇਅਰ, ... ਮੈਂਬਰ
4. ਸ੍ਰੀ ਹਰਸਿਮਰਨਜੀਤ ਸਿੰਘ ਬੰਟੀ, ਡਿਪਟੀ ਮੇਅਰ ..... ਮੈਂਬਰ
5. ਸ਼੍ਰੀ ਗਿਆਨ ਚੰਦ, ਕੌਂਸਲਰ ..... ਮੈਂਬਰ
6. ਸ਼੍ਰੀ ਗੁਰਵਿੰਦਰਪਾਲ ਸਿੰਘ ਬੰਟੀ ਨੀਲਕੰਠ, ਕੌਂਸਲਰ ..... ਮੈਂਬਰ

ਇਸ ਉਪਰੰਤ ਮੇਅਰ ਜੀ ਨੇ ਰੈਗੂਲਰ ਅਜੰਡੇ ਦੀਆਂ ਮੱਦਾਂ ਲੜੀਵਾਰ ਪੜ੍ਹਨ ਦੇ ਆਦੇਸ਼ ਦਿੱਤੇ ।

ਸਹੀ/- ਸ਼੍ਰੀ ਜਗਦੀਸ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 125

ਵਿਸ਼ਾ:- ਨਗਰ ਨਿਗਮ ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਹੋਈ ਮੀਟਿੰਗ ਮਿਤੀ 11.7.2018 ਦੀ ਪੁਸ਼ਟੀ ਬਾਰੇ।

ਨਗਰ ਨਿਗਮ, ਜਲੰਧਰ ਦੀ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਮਿਤੀ 11.7.2018 ਨੂੰ ਮੇਅਰ ਜੀ ਦੇ ਦਫਤਰ ਨਗਰ ਨਿਗਮ ਜਲੰਧਰ ਵਿਖੇ ਹੋਈ, ਦੀ ਕਾਰਵਾਈ ਜੋ ਕੌਂਸਲਰ/ਮੈਂਬਰ ਸਹਿਬਾਨ ਨੂੰ ਭੇਜੀ ਜਾ ਚੁੱਕੀ ਹੈ, ਪੁਸ਼ਟੀ ਹਿਤ ਪੇਸ਼ ਹੈ।

ਫੈਸਲਾ :

ਕਾਰਵਾਈ ਦੀ ਪੁਸ਼ਟੀ ਕੀਤੀ ਜਾਂਦੀ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 126

ਵਿਸ਼ਾ:– ਅਰਬਨ ਮਿਸ਼ਨ ਤਹਿਤ ਵਿਕਾਸ ਦੇ ਕੰਮਾਂ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

(Amt. Rs. in lacs)

House Reso. No. & Date	Name of Work	Est. Amt.	Total Est. Amt.	Correct /Vetted BOQ Amt.	Saving %age	Tender Amt.	No. of Tender Received	Name of Agency
01(N-72) 18.10.17	Construction of cc streets in Mohindru Mohalla, W. No. 27	5.7	76.35	71.88	23.51	54.98	04	Sh. Bakhshish Singh
01(N-68) 18.10.17	Construction of cc streets in Baldev Nagar.	5.27						
01(N-69) 18.10.17	Construction of cc streets in Ajit Nagar ,W.no.8	16.30						
01(N-70) 18.10.17	Construction of cc streets in Swarna Depot gali Santokhpura ,W.No.	6.69						
01(N-87) 18.10.17	Construction of cc streets in new Hargobind Nagar on Amritsar road ,W.no.3	3.65						
01(N-74) 18.10.17	Construction of cc streets in Prem Nagar ,W.no.9	9.14						
01(N-75) 18.10.17	Construction of cc streets in New Upkar Nagar, W.no.8	24.71						
01(N-78) 18.10.17	Construction of cc streets near Gurudwara Patshahi 6th Lamba Pind W.no.8	4.89						

ਉੱਕਤ ਕੰਮਾਂ ਦੇ ਈ–ਟੈਂਡਰ ਮਿਤੀ:26.03.18 ਨੂੰ ਪ੍ਰਾਪਤ ਹੋਏ ਸਨ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ:05.07.2018 ਰਾਹੀਂ ਉੱਕਤ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਰੱਖਣ ਵਿਚਾਰਣ ਅਤੇ ਫੈਸਲੇ ਹਿਤ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ:05.07.2018 ਰਾਹੀਂ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:30.07.2018 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ:02.08.2018 ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/–ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 127

ਵਿਸ਼ਾ:– ਨਗਰ ਨਿਗਮ ਫੰਡਜ਼ ਦੇ ਵਿਕਾਸ ਦੇ ਕੰਮ ਦੇ ਟੈਂਡਰਾਂ ਦੀ ਪ੍ਰਵਾਨਗੀ ਸਬੰਧੀ।

(Amt. Rs. in lacs)

House Reso. No. & Date	Name of Work	Est. Amt.	Correct /Vetted BOQ Amt.	Saving %age	Tender Amt.	No. of Tender Received	Name of Agency
02 (02) 30.10.17	Repair of Municipal House in Green Model Town.	4.67	4.67	1.11	4.62	03	The Suraj Co. Op. L/C Society

ਉੱਕਤ ਕੰਮ ਦਾ ਈ–ਟੈਂਡਰ ਮਿਤੀ:21.12.17 ਨੂੰ ਪ੍ਰਾਪਤ ਹੋਇਆ ਸਨ। ਕਾਰਜਕਾਰੀ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 10.01.2018 ਰਾਹੀਂ ਉੱਕਤ ਟੈਂਡਰ ਵਿਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਹਿਤ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ (ਬੀ. ਐਂਡ ਆਰ.) ਨੇ ਮਿਤੀ: 24.01.2018 ਰਾਹੀਂ ਇਹ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਪੇਸ਼ ਕਰਨ ਦੀ ਸਿਫਾਰਸ਼ ਕੀਤੀ ਹੈ। ਜਿਸ ਤੇ ਕਮਿਸ਼ਨਰ ਜੀ ਨੇ ਮਿਤੀ:07.02.2018 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁੱਕਮ ਮਿਤੀ:26.06.2018 ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰ ਅਤੇ ਫੈਸਲੇ ਹਿੱਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ।

ਸਹੀ/–ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 128

ਵਿਸ਼ਾ:– Supply of 21 Nos. Different type of Manpower for Municipal Corporation Jalandahar. (ਤਖਮੀਨੇ ਵਿੱਚ ਸੋਧ ਕਰਨ ਬਾਰੇ)

ਤਖਮੀਨਾਰੁ: 66,88,000/–
ਸੋਧਿਆ ਤਖਮੀਨਾ ਰੁ: 83,58,000/–

ਪੜ੍ਹਿਆ ਨੋਟ ਸੁਪਰਡੰਟ (ਵਰਕਸ਼ਾਪ) ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਨਗਰ ਨਿਗਮ, ਜਲੰਧਰ ਵੱਲੋ ਨਗਰ ਨਿਗਮ ਦੀਆਂ ਵੱਖ–ਵੱਖ ਗੱਡੀਆਂ ਚਲਾਉਣ ਲਈ ਆਉਟ–ਸੋਰਸ ਰਾਹੀਂ ਅਪਰੇਟਰ/ ਡਰਾਇਵਰ/ਹੈਲਪਰ ਰੱਖੇ ਗਏ ਸਨ, ਇਸ ਲਈ ਕੰਮ ਦਾ ਤਖਮੀਨਾ ਵਰਕਸ਼ਾਪ ਸ਼ਾਖਾ ਵੱਲੋਂ 1,35,82,220/– ਦਾ ਤਿਆਰ ਕੀਤਾ, ਜਿਸ ਵਿੱਚ ਡਰਾਇਵਰ ਟਾਟਾ ਏਸ ਗੱਡੀਆ ਚਲਾਉਣ ਲਈ ਉਪਬੰਧ ਕੀਤਾ ਗਿਆ ਸੀ, ਇਸ ਨੂੰ ਹਾਊਸ ਦੇ ਮਤਾ ਨੰ: 49 ਮਿਤੀ: 01–2–2016 ਰਾਹੀ ਪ੍ਰਵਾਨ ਕੀਤਾ ਗਿਆ ਸੀ, ਪਰ ਇਸ ਮਤੇ ਅਨੁਸਾਰ ਨਗਰ ਨਿਗਮ ਪਾਸ ਅੱਜੇ ਟਾਟਾ ਏਸ ਗੱਡੀਆਂ ਦੀ ਖਰੀਦ ਨਹੀ ਕੀਤੀਆਂ ਗਈਆਂ ਹਨ, ਇਸ ਲਈ 21 ਅਲਗ–ਅਲਗ ਕੈਟਾਗਰੀ ਲਈ ਮੈਨਪਾਵਰ ਸਪਲਾਈ ਐਨ.ਆਈ.ਟੀ. ਨੰ: LGMCROP/2015-2016/171/4 ਰਾਹੀਂ 14–03–2016 ਨੂੰ 21 ਨੰ ਮੈਨਪਾਵਰ (ਡਰਾਇਵਰ/ਵਾਸ਼ਰਮੈਨ/ਹੈਲਪਰ ਅਤੇ ਕਰੇਨ ਅਪਰੇਟਰ Estimated Amount Rs. 66,88,000) ਨੂੰ ਈ–ਟੈਂਡਰ ਮੰਗੇ ਗਏ ਤੇ 1 ਟੈਂਡਰ ਗੌਰਵ ਗੁਪਤਾ, ਠੇਕੇਦਾਰ ਦਾ ਵਸੂਲ ਹੋਇਆ ਜ਼ੋ ਕਿ ਇਸ ਕੰਮ ਨੂੰ ਰੁਪਏ 63,33,696/– ਵਿੱਚ ਕਰੇਗਾ। ਇਸ ਸਬੰਧ ਵਿੱਚ ਵਿੱਤ ਅਤੇ ਠੇਕਾ ਕਮੇਟੀ ਨੇ ਆਪਣੇ ਮਤਾ ਨੰ: 33 ਮਿਤੀ: 08–04–2016 ਰਾਹੀਂ ਪ੍ਰਵਾਨਗੀ ਦੇ ਦਿੱਤੀ ਹੈ। ਕੰਪਨੀ ਨੂੰ ਵਰਕ ਆਰਡਰ ਨੰ: 152/ਐਸ.ਈ. (ਵ) ਮਿਤੀ: 30–03–2016 ਨੂੰ ਜਾਰੀ ਕੀਤਾ ਗਿਆ। ਇਸ ਕੰਪਨੀ ਵੱਲੋਂ 01–04–2016 ਤੋਂ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।

ਠੇਕੇਦਾਰ ਵੱਲੋਂ ਉਕਤ ਤਖਮੀਨੇ ਤਹਿਤ ਕੰਮ ਖਤਮ ਹੋਣ ਵਾਲਾ ਹੈ ਅਤੇ ਹਾਲ ਦੀ ਘੜੀ ਇਹਨਾਂ ਕਰਮਚਾਰੀਆਂ ਨੂੰ ਤਨਖਾਹ ਦੇਣ ਲਈ ਨਵਾਂ ਟੈਂਡਰ ਨਹੀਂ ਲਗਾਇਆ ਗਿਆ ਹੈ। ਉਕਤ ਤਖਮੀਨਾ ਲਗਭਗ ਖਤਮ ਹੈ, ਇਸ ਕਰਕੇ ਇਹਨਾ ਕਰਮਚਾਰੀਆਂ ਨੂੰ ਤਨਖਾਹ ਦੇਣ ਲਈ ਉਕਤ ਤਖਮੀਨੇ ਵਿੱਚ ਸੋਧ ਕਰਨੀ ਜਰੂਰੀ ਹੈ। ਇਸ ਕਰਕੇ ਤਖਮੀਨੇ ਨੂੰ 25% ਰੁਪਏ 83,58,000/– ਤੱਕ ਵਾਧਾ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ, ਜਿਸ ਦੀ ਮੰਜੂਰੀ ਐਫ.ਐਂਡ.ਸੀ.ਸੀ. ਤੋਂ ਲੋੜੀਂਦੀ ਹੈ ਤਾਂ ਜ਼ੋ ਇਹਨਾਂ ਕਰਮਚਾਰੀਆਂ ਨੂੰ ਸਮੇਂ ਸਿਰ ਤਨਖਾਹ ਜਾਰੀ ਕੀਤੀ ਜਾ ਸਕੇ। ਨਿਗਰਾਨ ਇੰਜੀਨੀਅਰ (ਵਰਕਸ਼ਾਪ) ਨੇ ਮਿਤੀ 9.7.2018 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਹਿਤ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 11.7.2018 ਨੂੰ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਇਹ ਵੀ ਲਿਖਿਆ ਹੈ ਕਿ ਨਿਗਰਾਨ ਇੰਜੀਨੀਅਰ (ਓ.ਐਂਡ ਐਮ.) ਸਮੇਂ ਸਿਰ ਇਸ ਕੰਮ ਦੇ ਅਗਲੇ ਟੈਂਡਰਾਂ ਦੀ ਕਾਰਵਾਈ ਕਰਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 2.8.2018 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਫੈਸਲੇ ਹਿਤ ਪੇਸ਼ ਹੈ।

ਫੈਸਲਾ:

ਪ੍ਰਵਾਨ ਹੈ ।ਇਹ ਫੈਸਲਾ ਵੀ ਹੋਇਆ ਕਿ ਇਸ ਦੀ ਡਿਟੇਲ ਵਿੱਤ ਅਤੇ ਠੇਕਾ ਕਮੇਟੀ ਦੇ ਮੈਂਬਰਾਂ ਨੂੰ ਮੁਹੱਈਆ ਕਰਵਾਈ ਜਾਵੇ।

ਸਹੀ/–ਜਗਦੀਸ਼ ਰਾਜ ਰਾਜਾ, ਮੇਅਰ
27.8.2018

ਮਤਾ ਨੰਬਰ: 129

ਵਿਸ਼ਾ:- ਨਗਰ ਨਿਗਮ ਦੇ ਡਿਸਪੋਜਲਾਂ ਤੇ ਲਗੀਆਂ ਨਾਨ-ਕਲਾਗ ਸਬਮਰਸੀਬਲ ਮੋਟਰਾਂ ਦੀ ਰਿਵਾਈਡਿੰਗ ਅਤੇ ਮਕੈਨੀਕਲ ਰਿਪੇਅਰ ਦੇ ਸਲਾਨਾ ਟੈਂਡਰ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 12,16,910/-
ਸੋਧਿਆ ਤਖਮੀਨਾ ਰੁਪਏ 13,22,485/- (ਜੀ.ਐਸ.ਟੀ ਸਮੇਤ)
ਟੈਂਡਰ ਅਮਾਉਂਟ ਰੁਪਏ 11,24,112/-
ਪ੍ਰਾਪਤ ਟੈਂਡਰ = 3 ਸੇਵਿੰਗ 15%
ਅਜੰਸੀ ਦਾ ਨਾਮ:- ਗੁਰਦੀਪ ਇਲੈਕਟ੍ਰੀਕਲ ਐਂਡ ਮਕੈਨੀਕਲ ਵਰਕਸ
ਈ.ਪੀ.ਐਫ ਨੰ: LD JAL 1049407

ਨਗਰ ਨਿਗਮ ਦੇ ਡਿਸਪੋਜਲਾਂ ਤੇ ਲਗੀਆਂ ਨਾਨ-ਕਲਾਗ ਸਬਮਰਸੀਬਲ ਮੋਟਰਾਂ ਦੀ ਰਿਵਾਈਡਿੰਗ ਅਤੇ ਮਕੈਨੀਕਲ ਰਿਪੇਅਰ ਦਾ ਸਲਾਨਾ ਤਖਮੀਨਾ ਰੁਪਏ 12,16,910/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 66(16) ਮਿਤੀ 06.09.17 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 18.09.17 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ। ਇਸ ਤਰ੍ਹਾ ਦੇ ਕੰਮਾਂ ਉਤੇ ਸਰਕਾਰ ਨੇ ਮਿਤੀ 01.07.17 ਤੋ ਜੀ.ਐਸ.ਟੀ ਲਗਾ ਦਿੱਤਾ ਸੀ। ਇਸ ਕਰਕੇ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 13,22,485/- ਤਿਆਰ ਕੀਤਾ ਗਿਆ ਜ਼ੋ ਕਿ ਅਸਲ ਤਖਮੀਨੇ ਤੋ 8.68% ਜਿਆਦਾ ਸੀ ਅਤੇ ਇਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 06.10.17 ਰਾਹੀਂ ਦਿੱਤੀ। ਸੋਧੇ ਹੋਏ ਤਖਮੀਨੇ ਅਨੁਸਾਰ ਇਸ ਕੰਮ ਦੇ ਟੈਂਡਰ ਮੁੜ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 20.11.17 ਲਈ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 31.01.18 ਲਈ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਮਿਆਰ ਤੇ ਪੂਰੇ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਕੰਮ ਸੋਧਿਆ ਤਖਮੀਨਾ ਰੁਪਏ 13,22,485/- ਦੇ ਵਿਰੁੱਧ 15% ਦੀ ਸੇਵਿੰਗ ਨਾਲ ਰੁਪਏ 11,24,112/- ਵਿੱਚ ਕਰਨਾ ਹੈ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 13.02.18 ਰਾਹੀਂ ਲਿਖਿਆ ਹੈ ਕਿ ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 13.02.18 ਲਿਖਿਆ ਹੈ ਕਿ ਉਪਰੋਕਤ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਿਆ ਜਾ ਸਕਦਾ ਹੈ, ਬਸ਼ਰਤ ਵਰਕ ਆਰਡਰ ਜਾਰੀ ਕਰਨ ਤੋ ਪਹਿਲਾ ਸਰਕਾਰ ਤੋਂ ਮਤੇ ਦੀ ਪ੍ਰਵਾਨਗੀ ਹਾਸਲ ਕਰ ਲਈ ਜਾਵੇ ਅਤੇ ਟੈਂਡਰ ਵਿਚਾਰਣ ਹਿੱਤ ਸਿਫਾਰਿਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 15.02.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/ 17518 ਮਿਤੀ 22.03.18 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਹੋ ਗਈ ਹੈ।

ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 22.8.2018 ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਅੱਗੇ ਤੋਂ ਅਜਿਹੇ ਕੰਮਾਂ ਦੇ ਟੈਂਡਰਾਂ ਦੀ ਮੰਨਜ਼ੂਰੀ ਵੇਲੇ ਮਤੇ ਵਿੱਚ ਉਸ ਕੰਮ ਦੀ ਪਿਛਲੀ ਹਿਸਟਰੀ ਵੀ ਦਰਸਾਈ ਜਾਇਆ ਕਰੇ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
27.8.2018

ਮਤਾ ਨੰਬਰ: 130

ਵਿਸ਼ਾ:- ਜ਼ੋਨ ਨੰ: 1 ਅਤੇ 5 ਦੇ ਸਟਰੀਟ ਲਾਇਟਾਂ ਦੇ ਰੱਖ-ਰੱਖਾਵ ਵਾਸਤੇ 9 ਇਲੈਕਟ੍ਰਿਸ਼ਿਅਨ ਅਤੇ 24 ਹੈਲਪਰ 1 ਸਾਲ ਲਈ ਆਊਟ ਸੋਰਸ ਤੇ ਠੇਕੇ ਤੇ ਰੱਖਣ ਬਾਰੇ ਤਖਮੀਨੇ ਵਿੱਚ 15% ਵਾਧਾ ਕਰਕੇ ਮਿਆਦ ਵੱਧਾਉਣ ਬਾਰੇ।

ਕੁੱਲ ਤਖਮੀਨਾ ਰੁਪਏ 44,17,668/- ਟੈਂਡਰ ਅਮਾਊਂਟ ਰੁਪਏ 41,91,919/-
ਅਜੰਸੀ ਦਾ ਨਾਮ:- ਰਿਲਾਏਬਲ ਸਰਵਿਸਿਜ਼ ਜਲੰਧਰ
ਈ.ਪੀ.ਐਫ ਨੰ: PB JAL 35518

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਲਾਈਟ) ਕਿ ਨਗਰ ਨਿਗਮ ਹਾਊਸ ਦੇ ਫੈਸਲੇ ਅਨੁਸਰ ਜ਼ੋਨ ਨੰ: 1 ਅਤੇ 5 ਦੀਆਂ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਵਿਭਾਗੀ ਤੋਰ ਤੇ ਆਉਟ ਸੋਰਸ ਰਾਹੀਂ ਕਰਮਚਾਰੀ ਰੱਖ ਕੇ ਕਰਵਾਇਆ ਜਾ ਰਿਹਾ ਹੈ। ਇਸ ਵਾਸਤੇ ਨਗਰ ਨਿਗਮ ਜ਼ੋਨ ਨੰ: 1 ਅਤੇ 5 ਦਾ ਤਖਮੀਨਾ ਰੁਪਏ 44,17,668/- ਅਪਣੇ ਮਤਾ ਨੰ: 27 ਅਤੇ 28 ਮਿਤੀ 06.09.17 ਰਾਹੀਂ ਪ੍ਰਵਾਨ ਕੀਤਾ ਸੀ। ਈ-ਟੈਂਡਰਿੰਗ ਅਤੇ ਅਖਬਾਰਾਂ ਰਾਹੀਂ ਇਸ ਕੰਮ ਦੇ ਟੈਂਡਰ ਮੰਗੇ ਗਏ ਸਨ, ਕੁੱਲ 2 ਟੈਂਡਰ ਪ੍ਰਾਪਤ ਹੋਏ ਸਨ, ਜਿਹਨਾ ਵਿੱਚੋ ਉਪਰੋਕਤ ਅਜੰਸੀ ਦਾ ਘੱਟ ਰੇਟਾਂ ਦਾ ਟੈਂਡਰ ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 08.06.17 ਰਾਹੀਂ ਇਨਐਂਟੀਸਿਪੇਸ਼ਨ ਅਪਰੂਵਲ ਆਫ ਵਿੱਤ ਅਤੇ ਠੇਕਾ ਕਮੇਟੀ ਪ੍ਰਵਾਨ ਕੀਤਾ ਸੀ, ਜਿਸ ਅਨੁਸਾਰ ਇਕਰਾਰਨਾਮਾ ਕਰਕੇ ਅਜੰਸੀ ਨੂੰ ਵਰਕ ਆਰਡਰ ਨੰ: ਸੀ.ਈ/ਈ.ਟੀ/12 ਮਿਤੀ 30.06.17 ਜਾਰੀ ਕੀਤਾ ਗਿਆ ਅਤੇ 12 ਮਹੀਨੇ ਦਾ ਸਮਾਂ ਦਿੱਤਾ ਗਿਆ ਸੀ। ਇਸ ਟੈਂਡਰ ਦੀ ਅੰਤਿਮ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 69 ਮਿਤੀ 22.09.17 ਰਾਹੀਂ ਦੇ ਦਿੱਤੀ ਹੈ।

ਅਜੰਸੀ ਨੂੰ ਜਾਰੀ ਵਰਕ ਆਰਡਰ ਅਨੁਸਾਰ ਇਸ ਕੰਮ ਦੀ ਮਿਆਦ ਮਿਤੀ 30.06.18 ਨੂੰ ਖਤਮ ਹੋਣ ਵਾਲੀ ਹੈ, ਪਰੰਤੂ ਇਸ ਕੰਮ ਲਈ ਅਜੇ ਨਵਾਂ ਤਖਮੀਨਾ ਹਾਊਸ ਵੱਲੋਂ ਪ੍ਰਵਾਨ ਨਹੀਂ ਹੋਇਆ। ਬੇਸ਼ਕ ਇਹਨਾਂ ਜ਼ੋਨਾਂ ਵਿੱਚ ਪੁਰਾਣੀ ਸਟਰੀਟ ਲਾਇਟਾਂ ਦੀ ਥਾਂ ਤੇ ਨਵੀਆਂ ਐਲ.ਈ.ਡੀ ਲਾਇਟਾਂ ਲਗਾਉਣ ਦਾ ਕੰਮ ਕੀਤਾ ਜਾਣਾ ਹੈ, ਪਰੰਤੂ ਉਨੀ ਦੇਰ ਲਈ ਲੋਕ ਹਿੱਤ ਵਿੱਚ ਇਹਨਾ ਜ਼ੋਨਾਂ ਵਿੱਚ ਲਗੀਆਂ ਸਟਰੀਟ ਲਾਇਟਾਂ ਦਾ ਰੱਖ-ਰੱਖਾਵ ਵੀ ਜਰੂਰੀ ਹੈ। ਇਸ ਲਈ ਲੋਕ ਹਿੱਤ ਵਿੱਚ ਤਜਵੀਜ਼ ਕੀਤਾ ਜਾਂਦਾ ਹੈ ਕਿ ਵਿਸ਼ੇ ਅਧੀਨ ਕੰਮ ਦੇ ਤਖਮੀਨੇ ਵਿੱਚ 15% ਵਾਧਾ ਕਰਕੇ ਕੰਮ ਦੀ ਮਿਆਦ ਤਖਮੀਨਾ ਪੂਰਾ ਹੋਣ ਤੱਕ ਵੱਧਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਜ਼ੋ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਨਿਰਵਿਘਣ ਚੱਲਦਾ ਰਹੇ। 15% ਤਖਮੀਨੇ ਵਿੱਚ ਵਾਧੇ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 24.06.18 ਲਿਖਿਆ ਹੈ ਕਿ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਇਸ ਕੰਮ ਦੀ ਪ੍ਰਵਾਨਗੀ ਵਿੱਤ ਅਤੇ ਠੇਕਾ ਕਮੇਟੀ ਦੀ ਮੰਜੂਰੀ ਦੀ ਆਸ ਵਿਚ ਦੇਣ ਦੀ ਸ਼ਿਫਾਰਸ਼ ਕੀਤੀ ਹੈ। ਕਮਿਸ਼ਨਰ ਜੀ ਨੇ ਮਿਤੀ 28.06.18 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ। ਮਾਨਯੋਗ ਮੇਅਰ ਜੀ ਦੇ ਹੁਕਮ ਮਿਤੀ 28.6.2018 ਰਾਹੀਂ ਕੰਮ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਵਿੱਤ ਅਤੇ ਠੇਕਾ ਕਮੇਟੀ ਦੀ ਪੂਰਵ ਪ੍ਰਵਾਨਗੀ ਦੀ ਆਸ ਤੇ ਮੰਜੂਰੀ ਦਿੱਤੀ ਹੈ।

ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਅੰਤਿਮ ਪ੍ਰਵਾਨਗੀ ਹਿਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 131

ਵਿਸ਼ਾ:- ਜ਼ੋਨ ਨੰ: 2, 3, 4, 6 ਅਤੇ 7 ਦੇ ਸਟਰੀਟ ਲਾਇਟ ਦੇ ਰੱਖ-ਰੱਖਾਵ ਦੇ ਹਾਊਸ ਵੱਲੋਂ ਪ੍ਰਵਾਨਿਤ ਤਖਮੀਨਿਆਂ ਵਿੱਚ ਵਿੱਤ ਅਤੇ ਠੇਕਾ ਕਮੇਟੀ ਵੱਲੋਂ 25% ਵਾਧਾ ਕਰਕੇ ਮਿਆਦ ਵੱਧਾਉਣ ਉਪਰੰਤ ਬੱਚਦੀ ਸੇਵਿੰਗ ਦੇ ਖਰਚ ਅਧੀਨ ਕੰਮਾਂ ਦੀ ਮਿਆਦ 45 ਦਿਨ ਵੱਧਾਉਣ ਬਾਰੇ।

ਨਗਰ ਨਿਗਮ ਜਲੰਧਰ ਵਿੱਚ ਪੈਂਦੇ ਸਟਰੀਟ ਲਾਇਟ ਪੁਆਇੰਟਾਂ ਨੂੰ ਰੱਖ-ਰੱਖਾਵ ਵਾਸਤੇ 7 ਜੋਨਾਂ ਵਿੱਚ ਵੰਡਿਆ ਹੋਇਆ ਹੈ। ਇਹਨਾ ਵੱਖ-ਵੱਖ ਜੋਨਾਂ ਅਧੀਨ ਪੈਂਦੇ ਸਟਰੀਟ ਲਾਇਟ ਦੇ ਰੱਖ-ਰੱਖਾਵ ਦੇ ਤਖਮੀਨੇ ਨਗਰ ਨਿਗਮ ਹਾਊਸ ਤੋਂ ਮਤਾ ਨੰ: 43 ਮਿਤੀ 06.09.17 ਰਾਹੀਂ ਪ੍ਰਵਾਨ ਹੋਣ ਉਪਰੰਤ ਇਹਨਾ ਕੰਮਾਂ ਦੇ ਟੈਂਡਰ ਅਖਬਾਰਾਂ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ ਜ਼ੋ ਕਿ ਵਿੱਤ ਅਤੇ ਠੇਕਾ ਕਮੇਟੀ ਨੇ ਅਪਣੇ ਮਤਾ ਨੰ: 63 ਮਿਤੀ 22-09-17 ਰਾਹੀਂ 10% ਸੇਵਿੰਗ ਨਾਲ ਪ੍ਰਵਾਨ ਕੀਤੇ ਸਨ ਅਤੇ ਇਹਨਾ ਦੇ ਵਰਕ ਆਰਡਰ ਹੇਠ ਲਿਖੇ ਅਨੁਸਾਰ ਜਾਰੀ ਕੀਤੇ ਹੋਏ ਹਨ।

ਸਟਰੀਟ ਲਾਇਟਾਂ ਰੱਖ ਰੱਖਾਵ ਦਾ ਕੰਮ	ਤਖਮੀਨਾ ਰੁਪਏ	ਪ੍ਰਾਪਤ ਟੈਂਡਰ	ਅਜੰਸੀ ਦਾ ਨਾ	ਵਰਕ ਆਰਡਰ ਨੰ: ਮਿਤੀ 05.05.17
ਜੋਨ ਨੰ: 2	49,95,472/-	2	ਜਗਦੀਸ਼ ਇਲੈਕਟ੍ਰਿਕਸ ਵਰਕਸ	ਸੀ.ਈ/ਈ.ਟੀ/3
ਜੋਨ ਨੰ: 3	51,61,180/-	2	ਐਸ ਕੇ ਈ ਇੰਜੀਨੀਅਰਜ਼	ਸੀ.ਈ/ਈ.ਟੀ/5
ਜੋਨ ਨੰ: 4	74,57,620/-	3	ਤਰਨਤਾਰਨ ਇਲੈਕਟ੍ਰਿਕ ਕੰਪਨੀ	ਸੀ.ਈ/ਈ.ਟੀ/2
ਜੋਨ ਨੰ: 6	54,60,052/-	2	ਐਸ ਕੇ ਈ ਇੰਜੀਨੀਅਰਜ਼	ਸੀ.ਈ/ਈ.ਟੀ/6
ਜੋਨ ਨੰ: 7	36,52,060/-	2	ਜਗਦੀਸ਼ ਇਲੈਕਟ੍ਰਿਕਸ ਵਰਕਸ	ਸੀ.ਈ/ਈ.ਟੀ/4

ਵਿੱਤ ਅਤੇ ਠੇਕਾ ਕਮੇਟੀ ਦੇ ਮਤੇ ਦੀ ਪ੍ਰਵਾਨਗੀ ਅਨੁਸਾਰ ਇਹਨਾ ਅਜੰਸੀਆਂ ਨੂੰ ਵਰਕ ਆਰਡਰ ਮਿਤੀ 05-05-17 ਤੋਂ ਜਾਰੀ ਕੀਤੇ ਗਏ ਸਨ ਅਤੇ ਕੰਮ ਮਿਤੀ 07.05.17 ਤੋਂ ਸ਼ੁਰੂ ਕਰਕੇ ਕੰਮ ਕਰਨ ਲਈ 12 ਮਹੀਨੇ ਦਾ ਸਮਾ ਦਿੱਤਾ ਗਿਆ ਸੀ। ਵਰਕ ਆਰਡਰ ਦਾ ਸਮਾਂ ਮਿਤੀ 06.05.18 ਨੂੰ ਖਤਮ ਹੋਣ ਵਾਲਾ ਸੀ ਤਾਂ ਵਿੱਤ ਅਤੇ ਠੇਕਾ ਕਮੇਟੀ ਦੇ ਮਤਾ ਨੰ: 39 ਮਿਤੀ 18.06.18 ਦੀ ਪ੍ਰਵਾਨਗੀ ਅਨੁਸਾਰ ਤਖਮੀਨਿਆਂ ਵਿੱਚ 25% ਵਾਧਾ ਕਰਕੇ ਵਰਕ ਆਰਡਰਾਂ ਦੀ ਮਿਆਦ 3-3 ਮਹੀਨੇ ਵਧਾਈ ਗਈ ਸੀ ਜ਼ੋ ਕਿ ਮਿਤੀ 06.08.18 ਨੂੰ ਖਤਮ ਹੋਣ ਵਾਲੀ ਹੈ। ਹਾਊਸ ਵੱਲੋਂ ਪ੍ਰਵਾਨਿਤ ਨਵੇਂ ਤਖਮੀਨਿਆਂ ਦੇ ਟੈਂਡਰ ਲਗਾਉਣ ਦਾ ਕੰਮ ਅਜੇ ਪੂਰਾ ਨਹੀਂ ਹੋਇਆ, ਕਿਉਂਕਿ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਕਿਸੇ ਵੀ ਹਾਲਤ ਵਿੱਚ ਬੰਦ ਨਹੀਂ ਕੀਤਾ ਜਾ ਸਕਦਾ। ਇਸ ਲਈ ਲੋਕ ਹਿੱਤ ਵਿੱਚ ਤਜਵੀਜ਼ ਕੀਤਾ ਜਾਂਦਾ ਹੈ ਕਿ ਤਖਮੀਨਿਆਂ ਦੀ ਹਾਊਸ ਵੱਲੋਂ ਪ੍ਰਵਾਨਗੀ ਅਤੇ ਵਿੱਤ ਅਤੇ ਠੇਕਾ ਕਮੇਟੀ ਵੱਲੋਂ 25% ਵਾਧੇ ਦੀ ਪ੍ਰਵਾਨਗੀ ਉਪਰੰਤ ਬੱਚਦੀ ਸੇਵਿੰਗ ਅਧੀਨ 45 ਦਿਨ ਹੋਰ ਕੰਮ ਕਰਵਾਉਣ ਦੀ ਪ੍ਰਵਾਨਗੀ ਦਿੱਤੀ ਜਾਵੇ ਤਾਂ ਜ਼ੋ ਸਟਰੀਟ ਲਾਇਟਾਂ ਦੇ ਰੱਖ ਰੱਖਾਵ ਦਾ ਕੰਮ ਨਿਰਵਿਘਣ ਚੱਲਦਾ ਰਹੇ।

ਸਾਰੇ ਕਾਰਜਕਾਰੀ ਇੰਜੀਨੀਅਰਜ਼ ਨੇ ਅਪਣੇ ਨੋਟ ਮਿਤੀ 05.08.18 ਰਾਹੀਂ ਉਪਰੋਕਤ ਅਨੁਸਾਰ ਹਾਊਸ ਵੱਲੋਂ ਪ੍ਰਵਾਨਿਤ ਤਖਮੀਨਿਆਂ ਅਤੇ ਵਿੱਤ ਅਤੇ ਠੇਕਾ ਕਮੇਟੀ ਦੇ 25% ਵਾਧੇ ਉਪਰੰਤ ਬੱਚਦੀ ਸੇਵਿੰਗ ਖਰਚ ਕਰਨ ਦੇ ਪ੍ਰਵਾਨਗੀ ਦੇ ਅਧੀਨ 45 ਦਿਨ ਕੰਮ ਦੀ ਮਿਆਦ ਵਿੱਚ ਵਾਧਾ ਕਰਨ ਦੀ ਸਿਫਾਰਿਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 08.08.18 ਰਾਹੀਂ ਉਪਰੋਕਤ ਰਿਪੋਰਟ ਤੇ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ। ਅਡੀਸ਼ਨਲ ਕਮਿਸ਼ਨਰ ਨੇ ਅਪਣੇ ਨੋਟ ਮਿਤੀ 09.08.18 ਰਾਹੀਂ ਨਿਗਰਾਨ ਇੰਜੀਨੀਅਰ ਦੀ ਰਿਪੋਰਟ ਤੇ ਸਹਿਮਤੀ ਹਸਤਾਖਰ ਕੀਤੇ ਹਨ ਅਤੇ ਪੁਛਿਆ ਹੈ ਕਿ ਇਹ ਤਜਵੀਜ਼ ਵਿੱਤ ਅਤੇ ਠੇਕਾ ਕਮੇਟੀ ਦੇ ਅਧਿਕਾਰ ਖੇਤਰ ਵਿੱਚ ਹੈ ਜਾਂ ਨਹੀ? ਨਿਗਰਾਨ ਇੰਜੀਨੀਅਰ ਨੇ ਮੁੜ ਅਪਣੇ ਨੋਟ ਵਿੱਚ ਇਸ ਤਜਵੀਜ਼ ਦੀ ਇਨਐਂਟੀਸਿਪੇਨ ਅਪਰੂਵਲ ਆਫ ਵਿੱਤ ਅਤੇ ਠੇਕਾ ਕਮੇਟੀ ਪ੍ਰਵਾਨਗੀ ਦੀ ਸਿਫਾਰਿਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 10.08.18 ਰਾਹੀਂ ਅਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਨੇ ਅਪਣੇ ਹੁਕਮ ਮਿਤੀ 10.08.18 ਰਾਹੀਂ ਨਿਗਰਾਨ ਇੰਜੀਨੀਅਰ ਦੀ ਤਜਵੀਜ਼ ਨਾਲ ਸਹਿਮਤੀ ਪ੍ਰਗਟ ਕਰਦੇ ਹੋਏ ਇਨਐਂਟੀਸਿਪੇਨ ਅਪਰੂਵਲ ਆਫ ਵਿੱਤ ਅਤੇ ਠੇਕਾ ਕਮੇਟੀ ਪ੍ਰਵਾਨਗੀ ਕੀਤੀ ਹੈ।

ਤਜਵੀਜ਼ ਅੰਤਿਮ ਪ੍ਰਵਾਨਗੀ ਲਈ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 132

ਵਿਸ਼ਾ:- ਜ਼ੋਨ ਨੰ: 7 ਅਧੀਨ ਚੱਲ ਰਹੇ ਟਿਊਬਵੈਲਾਂ ਤੇ ਲੱਗੀਆਂ ਸਬਮਰਸੀਬਲ ਮੋਟਰਾਂ ਆਦਿ ਦੀ ਰਿਵਾਈਡਿੰਗ ਅਤੇ ਮਕੈਨੀਕਲ ਰਿਪੇਅਰ ਦੇ ਸਲਾਨਾ ਟੈਂਡਰ ਦੀ ਪ੍ਰਵਾਨਗੀ ਬਾਰੇ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ	ਰੁਪਏ 7,52,297/-	
ਸੋਧਿਆ ਤਖਮੀਨਾ	ਰੁਪਏ 8,17,564/- (ਜੀ.ਐਸ.ਟੀ ਸਮੇਤ)	ਟੈਂਡਰ ਅਮਾਉਂਟ ਰੁਪਏ 7,35,808/-
ਪ੍ਰਾਪਤ ਟੈਂਡਰ =	3	ਸੇਵਿੰਗ 10%
ਅਜੰਸੀ ਦਾ ਨਾਮ:-	ਗੁਰਦੀਪ ਇਲੈਕਟ੍ਰੀਕਲ ਐਂਡ ਮਕੈਨੀਕਲ ਵਰਕਸ	ਈ.ਪੀ.ਐਫ ਨੰ: LD JAL 1049407

ਜ਼ੋਨ ਨੰ: 7 ਅਧੀਨ ਚੱਲ ਰਹੇ ਟਿਊਬਵੈਲਾਂ ਤੇ ਲਗੀਆਂ ਸਬਮਰਸੀਬਲ ਮੋਟਰਾਂ ਆਦਿ ਦੀ ਰਿਵਾਈਡਿੰਗ ਅਤੇ ਮਕੈਨੀਕਲ ਰਿਪੇਅਰ ਦਾ ਸਲਾਨਾ ਤਖਮੀਨਾ ਰੁਪਏ 7,52,297/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 66(15) ਮਿਤੀ 06.09.17 ਰਾਹੀਂ ਦਿੱਤੀ ਸੀ।

ਇਸ ਕੰਮ ਦੇ ਟੈਂਡਰ ਪਹਿਲੀ ਬਾਰੀ ਮਿਤੀ 18.09.17 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮੰਗੇ ਗਏ ਸਨ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀਂ ਹੋਇਆ। ਇਸ ਤਰ੍ਹਾ ਦੇ ਕੰਮਾਂ ਉਤੇ ਸਰਕਾਰ ਨੇ ਮਿਤੀ 01.07.17 ਤੋ ਜੀ.ਐਸ.ਟੀ ਲਗਾ ਦਿੱਤਾ ਸੀ। ਇਸ ਕਰਕੇ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 8,17,564/- ਤਿਆਰ ਕੀਤਾ ਗਿਆ ਜ਼ੋ ਕਿ ਅਸਲ ਤਖਮੀਨੇ ਤੋ 8.68% ਜਿਆਦਾ ਸੀ ਅਤੇ ਇਸ ਦੀ ਪ੍ਰਵਾਨਗੀ ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਹੁਕਮ ਮਿਤੀ 06.10.17 ਰਾਹੀਂ ਦਿੱਤੀ। ਸੋਧੇ ਹੋਏ ਤਖਮੀਨੇ ਅਨੁਸਾਰ ਇਸ ਕੰਮ ਦੇ ਟੈਂਡਰ ਮੁੜ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 20.11.17 ਲਈ ਮੰਗੇ ਗਏ, ਪਰੰਤੂ ਕੋਈ ਟੈਂਡਰ ਪ੍ਰਾਪਤ ਨਹੀ ਹੋਇਆ।

ਤੀਸਰੀ ਬਾਰੀ ਇਸ ਕੰਮ ਦੇ ਟੈਂਡਰ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਟੂ ਸਟੇਜ਼ ਸਿਸਟਮ ਅਧੀਨ ਮਿਤੀ 31.01.18 ਲਈ ਮੰਗੇ ਗਏ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹੜੇ ਤਕਨੀਕੀ ਮਿਆਰ ਤੇ ਪੂਰੇ ਸਨ। ਇਸ ਲਈ ਇਹਨਾਂ ਦੀਆਂ ਵਿੱਤੀ ਬਿਡਾਂ ਖੋਲੀਆਂ ਗਈਆਂ ਅਤੇ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ। ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਕੰਮ ਸੋਧਿਆ ਤਖਮੀਨਾ ਰੁਪਏ 8,17,564/- ਦੇ ਵਿਰੁੱਧ 10% ਦੀ ਸੇਵਿੰਗ ਨਾਲ ਰੁਪਏ 7,35,808/- ਵਿੱਚ ਕਰਨਾ ਹੈ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 13.02.18 ਰਾਹੀਂ ਲਿਖਿਆ ਹੈ ਕਿ ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 13.02.18 ਲਿਖਿਆ ਹੈ ਕਿ ਉਪਰੋਕਤ ਅਨੁਸਾਰ ਕੇਸ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਿਆ ਜਾ ਸਕਦਾ ਹੈ, ਬਸ਼ਰਤ ਵਰਕ ਆਰਡਰ ਜਾਰੀ ਕਰਨ ਤੋ ਪਹਿਲਾ ਸਰਕਾਰ ਤੋ ਮਤੇ ਦੀ ਪ੍ਰਵਾਨਗੀ ਹਾਸਲ ਕਰ ਲਈ ਜਾਵੇ ਅਤੇ ਟੈਂਡਰ ਵਿਚਾਰਣ ਹਿੱਤ ਸਿਫਾਰਿਸ਼ ਕੀਤੀ ਹੈ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 15.02.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/ 17518 ਮਿਤੀ 22.03.18 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਹੋ ਗਈ ਹੈ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਨਗਰ ਨਿਗਮ ਦੇ ਬਾਕੀ ਜ਼ੋਨਾਂ ਦੇ ਟਿਊਬਵੈਲਾਂ ਦੀ ਰਿਪੇਅਰ ਅਤੇ ਮੇਨਟੀਨੈਂਸ ਦਾ ਕੰਮ ਠੇਕੇਦਾਰਾਂ ਰਾਹੀਂ ਕਰਵਾਇਆ ਜਾ ਰਿਹਾ ਹੈ । ਜ਼ੋਨ ਨੰ: 7 ਦੇ ਟਿਊਬਵੈਲਾਂ ਦੀ ਰਿਪੇਅਰ ਅਤੇ ਮੇਨਟੀਨੈਂਸ ਦਾ ਕੰਮ ਵੀ ਠੇਕੇਦਾਰ ਰਾਹੀਂ ਕਰਵਾਇਆ ਜਾਵੇ । ਇਸ ਸਬੰਧੀ ਤਖ਼ਮੀਨਾ ਤਿਆਰ ਕਰਕੇ ਲੋੜੀਂਦੀ ਕਾਰਵਾਈ ਕੀਤੀ ਜਾਵੇ । ਜਦ ਤੱਕ ਇਸ ਜ਼ੋਨ ਦੇ ਟਿਊਬਵੈਲਾਂ ਦੀ ਰਿਪੇਅਰ ਅਤੇ ਮੇਨਟੀਨੈਂਸ ਦਾ ਕੰਮ ਠੇਕੇਦਾਰ ਰਾਹੀਂ ਕਰਵਾਉਣ ਲਈ ਟੈਂਡਰ ਪ੍ਰਵਾਨ ਨਹੀਂ ਹੁੰਦਾ ਉਸ ਸਮੇਂ ਤੱਕ ਖ਼ਰਚਾ ਕਰਨ ਲਈ ਟੈਂਡਰ ਨੂੰ ਪ੍ਰਵਾਨ ਕੀਤਾ ਜਾਂਦਾ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 133

ਵਿਸ਼ਾ:- ਪ੍ਰਚੇਜ਼ ਆਫ 25 ਐਚ.ਪੀ ਸਬਮਰਸੀਬਲ ਮੋਟਰ ਪੰਪ ਸੈਟਸ, 55 ਮੀਟਰ ਹੈਡ, 1550 ਐਲ.ਪੀ.ਐਮ ਡਿਸਚਾਰਜ਼ ਪੰਪ ਸਾਈਜ਼ 175 ਐਮ.ਐਮ ਆਈ.ਐਸ 8034 ਮੇਕ ਕੇ.ਐਸ.ਬੀ/ਕਿਸਲੋਸਕਰ/ ਡਬਲਯੂ.ਪੀ. ਆਈ.ਐਲ/ ਕਲਾਮਾ ਫਾਰ ਓ.ਐਂਡ.ਐਮ ਸਟੋਰ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 13,25,625/- (ਵੈਟ ਸਮੇਤ)
ਸੋਧਿਆ ਤਖਮੀਨਾ ਰੁਪਏ 13,25,520/- (ਜੀ.ਐਸ.ਟੀ ਸਮੇਤ)
ਟੈਂਡਰ ਅਮਾਉਂਟ ਰੁਪਏ 9,92,682/-
ਪ੍ਰਾਪਤ ਟੈਂਡਰ = 3 ਸੇਵਿੰਗ 25.11%
ਅਜੰਸੀ ਦਾ ਨਾਮ:- CNC Precision Engineering Phagwara

ਪ੍ਰਚੇਜ਼ ਆਫ 25 ਐਚ.ਪੀ ਸਬਮਰਸੀਬਲ ਮੋਟਰ ਪੰਪ ਸੈਟਸ, 55 ਮੀਟਰ ਹੈਡ, 1550 ਐਲ.ਪੀ.ਐਮ ਡਿਸਚਾਰਜ਼ ਪੰਪ ਸਾਈਜ਼ 175 ਐਮ.ਐਮ ਆਈ.ਐਸ 8034 ਮੇਕ ਕੇ.ਐਸ.ਬੀ/ਕਿਸਲੋਸਕਰ/ਡਬਲਯੂ.ਪੀ.ਆਈ.ਐਲ/ ਕਲਾਮਾ ਫਾਰ ਓ.ਐਂਡ.ਐਮ ਸਟੋਰ ਲਈ ਤਖਮੀਨਾ ਰੁਪਏ 13,25,625/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 179(20) ਮਿਤੀ 05.12.16 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਵੱਲੋਂ ਪ੍ਰਾਪਤ ਪੱਤਰ ਨੰ: 15941 ਮਿਤੀ 30.03.17 ਅਨੁਸਾਰ ਇਸ ਮਤੇ ਤੇ ਕੋਈ ਰੋਕ ਨਹੀ ਹੈ ਜੀ।

ਮਿਤੀ 01.07.17 ਤੋ ਜੀ.ਐਸ.ਟੀ ਲਾਗੂ ਹੋਣ ਕਰਕੇ ਇਸ ਕੰਮ ਦਾ ਸੋਧਿਆ ਤਖਮੀਨਾ ਰੁਪਏ 13,25,520/- (ਜੀ.ਐਸ.ਟੀ ਸਮੇਤ) ਤਿਆਰ ਕੀਤਾ ਗਿਆ ਅਤੇ ਇਸ ਸਮਾਨ ਖਰੀਦਣ ਲਈ ਟੈਂਡਰ ਮਿਤੀ 29.01.18 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ, ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਸਮਾਨ ਸੋਧਿਆ ਤਖਮੀਨਾ ਰੁਪਏ 13,25,520/- (ਜੀ.ਐਸ.ਟੀ ਸਮੇਤ) ਦੇ ਵਿਰੁੱਧ 25.11% ਦੀ ਸੇਵਿੰਗ ਨਾਲ ਰੁਪਏ 9,92,682/-/- ਵਿੱਚ ਸਪਲਾਈ ਕਰਨਾ ਹੈ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 20.02.18 ਰਾਹੀਂ ਲਿਖਿਆ ਹੈ ਕਿ ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 25.02.18 ਰਾਹੀਂ ਲਿਖਿਆ ਹੈ ਕਿ ਪ੍ਰਾਪਤ ਰੇਟ ਕੰਪੀਟੇਟਿਵ ਹਨ, ਇਸ ਲਈ ਟੈਂਡਰ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 26.02.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 134

ਵਿਸ਼ਾ:- ਪ੍ਰਚੇਜ਼ ਆਫ 4" ਡਾਇਆ ਕਾਲਮ ਪਾਈਪ ਅਤੇ 10 ਐਮ.ਐਮ ਸਬਮਰਸੀਬਲ ਕੇਬਲ (ਫਿਨੋਲੈਕਸ/ਸ਼ਾਲੀਮਾਰ/ ਪੋਲੀਕੈਬ/ਐਲ.ਐਂਡ ਟੀ ਮੇਕ) ਫਾਰ ਮੇਨਟੀਨੈਂਸ ਆਫ ਟਿਉਬਵੈਲਸ (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 12,41,500/- (ਟੈਕਸ ਸਮੇਤ)
ਟੈਂਡਰ ਅਮਾਉਂਟ ਰੁਪਏ 9,80,040/-
ਪ੍ਰਾਪਤ ਟੈਂਡਰ = 6 ਸੇਵਿੰਗ 21.06%
ਅਜੰਸੀ ਦਾ ਨਾਮ:- CNC Precision Engineering Phagwara

ਪ੍ਰਚੇਜ਼ ਆਫ 4" ਡਾਇਆ ਕਾਲਮ ਪਾਈਪ ਅਤੇ 10 ਐਮ.ਐਮ ਸਬਮਰਸੀਬਲ ਕੇਬਲ (ਫਿਨੋਲੈਕਸ/ਸ਼ਾਲੀਮਾਰ/ ਪੋਲੀਕੈਬ/ਐਲ.ਐਂਡ ਟੀ ਮੇਕ) ਫਾਰ ਮੇਨਟੀਨੈਂਸ ਆਫ ਟਿਉਬਵੈਲਸ ਲਈ ਤਖਮੀਨਾ ਰੁਪਏ 12,41,500/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 179(21) ਮਿਤੀ 05.12.16 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਵੱਲੋਂ ਪ੍ਰਾਪਤ ਪੱਤਰ ਨੰ: 15941 ਮਿਤੀ 30.03.17 ਅਨੁਸਾਰ ਇਸ ਮਤੇ ਤੇ ਕੋਈ ਰੋਕ ਨਹੀ ਹੈ ਜੀ।

ਇਸ ਸਮਾਨ ਖਰੀਦਣ ਲਈ ਟੈਂਡਰ ਮਿਤੀ 29.01.18 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ, ਕੁੱਲ 6 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਸਮਾਨ ਸੋਧਿਆ ਤਖਮੀਨਾ ਰੁਪਏ 12,41,500/- (ਟੈਕਸ ਸਮੇਤ) ਦੇ ਵਿਰੁੱਧ 21.06% ਦੀ ਸੇਵਿੰਗ ਨਾਲ ਰੁਪਏ 9,80,040/-/- ਵਿੱਚ ਸਪਲਾਈ ਕਰਨਾ ਹੈ। ਇਹ ਸਮਾਨ ਵਿਭਾਗੀ ਲੋੜ ਅਨੁਸਾਰ ਇਕ ਸਾਲ ਦੇ ਦੌਰਾਨ 3-4 ਕਿਸ਼ਤਾ ਵਿੱਚ ਖਰੀਦੀਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 20.02.18 ਰਾਹੀਂ ਲਿਖਿਆ ਹੈ ਕਿ ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 25.02.18 ਰਾਹੀਂ ਲਿਖਿਆ ਹੈ ਕਿ ਪ੍ਰਾਪਤ ਰੇਟ ਕੰਪੀਟੇਟਿਵ ਹਨ, ਇਸ ਲਈ ਟੈਂਡਰ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 26.02.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 135

ਵਿਸ਼ਾ:- ਨਗਰ ਨਿਗਮ ਵਿੱਚ ਚੱਲ ਰਹੇ ਟਿਉਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ ਸ਼ੰਟ ਕਪੈਸਟਰ ਖਰੀਦ ਕਰਨ ਬਾਰੇ ਸਲਾਨਾ ਤਖਮੀਨਾ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 11,09,200/- (ਜੀ.ਐਸ.ਟੀ ਸਮੇਤ)
ਟੈਂਡਰ ਅਮਾਉਂਟ ਰੁਪਏ 6,53,984/-
ਪ੍ਰਾਪਤ ਟੈਂਡਰ = 5 ਸੇਵਿੰਗ 41.04%
ਅਜੰਸੀ ਦਾ ਨਾਮ:- CNC Precision Engineering Phagwara

ਨਗਰ ਨਿਗਮ ਵਿੱਚ ਚੱਲ ਰਹੇ ਟਿਉਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ ਸ਼ੰਟ ਕਪੈਸਟਰ ਖਰੀਦ ਕਰਨ ਬਾਰੇ ਸਲਾਨਾ ਤਖਮੀਨਾ ਰੁਪਏ 11,09,200/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 68(4) ਮਿਤੀ 06.09.17 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਵੱਲੋਂ ਪ੍ਰਾਪਤ ਪੱਤਰ ਨੰ: 73552 ਮਿਤੀ 28.11.17 ਅਨੁਸਾਰ ਮਤੇ ਦੀ ਕਾਪੀ ਮੁੱਖ ਇੰਜੀਨੀਅਰ ਓ.ਐਂਡ.ਐਮ ਨੂੰ ਟਿਪਣੀ ਲਈ ਭੇਜੀ ਗਈ ਹੈ।

ਇਸ ਸਮਾਨ ਖਰੀਦਣ ਲਈ ਟੈਂਡਰ ਮਿਤੀ 29.01.18 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ, ਕੁੱਲ 5 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਸਮਾਨ ਤਖਮੀਨਾ ਰੁਪਏ 11,09,200/- (ਜੀ.ਐਸ.ਟੀ ਸਮੇਤ) ਦੇ ਵਿਰੁੱਧ 41.04% ਦੀ ਸੇਵਿੰਗ ਨਾਲ ਰੁਪਏ 6,53,984/- ਵਿੱਚ ਸਪਲਾਈ ਕਰਨਾ ਹੈ। ਇਹ ਸਮਾਨ ਵਿਭਾਗੀ ਲੋੜ ਅਨੁਸਾਰ ਇਕ ਸਾਲ ਦੇ ਦੌਰਾਨ 3-4 ਕਿਸ਼ਤਾ ਵਿੱਚ ਖਰੀਦੀਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 20.02.18 ਰਾਹੀਂ ਲਿਖਿਆ ਹੈ ਕਿ ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 25.02.18 ਰਾਹੀਂ ਲਿਖਿਆ ਹੈ ਕਿ ਪ੍ਰਾਪਤ ਰੇਟ ਕੰਪੀਟੇਟਿਵ ਹਨ, ਇਸ ਲਈ ਟੈਂਡਰ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 26.02.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ -18/17518 ਮਿਤੀ 22.03.18 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਹੋ ਗਈ ਹੈ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਵਿਚਾਰਣ ਉਪਰੰਤ ਫੈਸਲਾ ਹੋਇਆ ਕਿ ਇਸ ਟੈਂਡਰ ਬਾਰੇ ਫੈਸਲਾ ਲੈਣ ਲਈ ਕਮਿਸ਼ਨਰ, ਨਗਰ ਨਿਗਮ ਜਲੰਧਰ ਨੂੰ ਅਖ਼ਤਿਆਰ ਦਿੱਤੇ ਜਾਂਦੇ ਹਨ ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
27.8.2018

ਮਤਾ ਨੰਬਰ: 136

ਵਿਸ਼ਾ:- ਨਗਰ ਨਿਗਮ ਵਿੱਚ ਚੱਲ ਰਹੇ ਟਿਉਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ ਵੱਖ-ਵੱਖ ਤਰ੍ਹਾ ਦਾ ਬਿਜਲੀ ਦਾ ਸਮਾਨ ਖਰੀਦਣ ਬਾਰੇ ਸਲਾਨਾ ਤਖਮੀਨਾ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 20,00,000/- (ਜੀ.ਐਸ.ਟੀ ਸਮੇਤ)
ਟੈਂਡਰ ਅਮਾਉਂਟ ਰੁਪਏ 12,97,400/-
ਪ੍ਰਾਪਤ ਟੈਂਡਰ = 4 ਸੇਵਿੰਗ 35.13%
ਅਜੰਸੀ ਦਾ ਨਾਮ:- ਗੁਪਤਾ ਇਲੈਕਟ੍ਰਿਕਲ ਸਟੋਰ ਜਲੰਧਰ

ਨਗਰ ਨਿਗਮ ਵਿੱਚ ਚੱਲ ਰਹੇ ਟਿਉਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ ਵੱਖ-ਵੱਖ ਤਰ੍ਹਾ ਦਾ ਬਿਜਲੀ ਦਾ ਸਮਾਨ ਖਰੀਦਣ ਬਾਰੇ ਸਲਾਨਾ ਤਖਮੀਨਾ ਰੁਪਏ 20,00,000/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 68(6) ਮਿਤੀ 06.09.17 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਵੱਲੋਂ ਪ੍ਰਾਪਤ ਪੱਤਰ ਨੰ: 73552 ਮਿਤੀ 28.11.17 ਅਨੁਸਾਰ ਮਤੇ ਦੀ ਕਾਪੀ ਮੁੱਖ ਇੰਜੀਨੀਅਰ ਓ.ਐਂਡ.ਐਮ ਨੂੰ ਟਿਪਣੀ ਲਈ ਭੇਜੀ ਗਈ ਹੈ।

ਇਸ ਸਮਾਨ ਖਰੀਦਣ ਲਈ ਟੈਂਡਰ ਮਿਤੀ 29.01.18 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ, ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਸਮਾਨ ਤਖਮੀਨਾ ਰੁਪਏ 20,00,000/- (ਜੀ.ਐਸ.ਟੀ ਸਮੇਤ) ਦੇ ਵਿਰੁੱਧ 35.13% ਦੀ ਸੇਵਿੰਗ ਨਾਲ ਰੁਪਏ 12,97,400/- ਵਿੱਚ ਸਪਲਾਈ ਕਰਨਾ ਹੈ। ਇਹ ਸਮਾਨ ਵਿਭਾਗੀ ਲੋੜ ਅਨੁਸਾਰ ਇਕ ਸਾਲ ਦੇ ਦੌਰਾਨ 3-4 ਕਿਸ਼ਤਾ ਵਿੱਚ ਖਰੀਦੀਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 20.02.18 ਰਾਹੀਂ ਲਿਖਿਆ ਹੈ ਕਿ ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 25.02.18 ਰਾਹੀਂ ਲਿਖਿਆ ਹੈ ਕਿ ਪ੍ਰਾਪਤ ਰੇਟ ਕੰਪੀਟੇਟਿਵ ਹਨ, ਇਸ ਲਈ ਟੈਂਡਰ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 26.02.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/17518 ਮਿਤੀ 22.03.18 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਹੋ ਗਈ ਹੈ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਹ ਖਰੀਦ 50% ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
27.8.2018

ਮਤਾ ਨੰਬਰ: 137

ਵਿਸ਼ਾ:- ਨਗਰ ਨਿਗਮ ਵਿੱਚ ਚੱਲ ਰਹੇ ਟਿਉਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ 6 ਐਮ.ਐਮ, 10 ਐਮ.ਐਮ ਅਤੇ 16 ਐਮ.ਐਮ ਸਬਮਰਸੀਬਲ ਕੇਬਲ (ਮੇਕ ਫਿਨੋਲੈਕਸ/ਸ਼ਾਲੀਮਾਰ/ਐਲ.ਐਂਡ ਟੀ) ਖਰੀਦਣ ਬਾਰੇ ਸਲਾਨਾ ਤਖਮੀਨਾ। (ਈ-ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ 14,06,088/- (ਜੀ.ਐਸ.ਟੀ ਸਮੇਤ)
ਟੈਂਡਰ ਅਮਾਉਂਟ ਰੁਪਏ 8,96,662/-
ਪ੍ਰਾਪਤ ਟੈਂਡਰ = 8 ਸੇਵਿੰਗ 36.23%
ਅਜੰਸੀ ਦਾ ਨਾਮ:- ਧਰੂਵ ਟਿਉਬਵੈਲ ਇੰਜੀਨੀਅਰਜ਼ ਪੰਚਕੂਲਾ

ਨਗਰ ਨਿਗਮ ਵਿੱਚ ਚੱਲ ਰਹੇ ਟਿਉਬਵੈਲਾਂ ਅਤੇ ਡਿਸਪੋਜਲਾਂ ਦੇ ਰੱਖ ਰੱਖਾਵ ਵਾਸਤੇ 6 ਐਮ.ਐਮ, 10 ਐਮ.ਐਮ ਅਤੇ 16 ਐਮ.ਐਮ ਸਬਮਰਸੀਬਲ ਕੇਬਲ (ਮੇਕ ਫਿਨੋਲੈਕਸ/ਸ਼ਾਲੀਮਾਰ/ਐਲ.ਐਂਡ ਟੀ) ਖਰੀਦਣ ਬਾਰੇ ਸਲਾਨਾ ਤਖਮੀਨਾ ਰੁਪਏ 14,06,088/- ਦਾ ਓ.ਐਂਡ.ਐਮ ਸ਼ਾਖਾ ਵੱਲੋਂ ਤਿਆਰ ਕੀਤਾ ਗਿਆ ਸੀ, ਜਿਸ ਦੀ ਪ੍ਰਵਾਨਗੀ ਨਗਰ ਨਿਗਮ ਹਾਊਸ ਨੇ ਅਪਣੇ ਮਤਾ ਨੰ: 68(8) ਮਿਤੀ 06.09.17 ਰਾਹੀਂ ਦਿੱਤੀ ਸੀ। ਸਥਾਨਕ ਸਰਕਾਰ ਵੱਲੋਂ ਪ੍ਰਾਪਤ ਪੱਤਰ ਨੰ: 73552 ਮਿਤੀ 28.11.17 ਅਨੁਸਾਰ ਮਤੇ ਦੀ ਕਾਪੀ ਮੁੱਖ ਇੰਜੀਨੀਅਰ ਓ.ਐਂਡ.ਐਮ ਨੂੰ ਟਿਪਣੀ ਲਈ ਭੇਜੀ ਗਈ ਹੈ।

ਇਸ ਸਮਾਨ ਖਰੀਦਣ ਲਈ ਟੈਂਡਰ ਮਿਤੀ 29.01.18 ਲਈ ਅਖਬਾਰਾਂ ਅਤੇ ਈ-ਟੈਂਡਰਿੰਗ ਰਾਹੀਂ ਮੰਗੇ ਗਏ ਸਨ, ਕੁੱਲ 8 ਟੈਂਡਰ ਪ੍ਰਾਪਤ ਹੋਏ, ਜਿਹਨਾ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਉਪਰੋਕਤ ਅਜੰਸੀ ਦਾ ਟੈਂਡਰ ਘੱਟ ਰੇਟਾਂ ਦਾ ਪਾਇਆ ਗਿਆ। ਇਸ ਅਜੰਸੀ ਨੇ ਵਿਸ਼ੇ ਅਧੀਨ ਸਮਾਨ ਤਖਮੀਨਾ ਰੁਪਏ 14,06,088/- (ਜੀ.ਐਸ.ਟੀ ਸਮੇਤ) ਦੇ ਵਿਰੁੱਧ 36.23% ਦੀ ਸੇਵਿੰਗ ਨਾਲ ਰੁਪਏ 8,96,662/- ਵਿੱਚ ਸਪਲਾਈ ਕਰਨਾ ਹੈ। ਇਹ ਸਮਾਨ ਵਿਭਾਗੀ ਲੋੜ ਅਨੁਸਾਰ ਇਕ ਸਾਲ ਦੇ ਦੌਰਾਨ 3-4 ਕਿਸ਼ਤਾ ਵਿੱਚ ਖਰੀਦੀਆ ਜਾਵੇਗਾ।

ਕਾਰਜਕਾਰੀ ਇੰਜੀਨੀਅਰ ਨੇ ਅਪਣੇ ਨੋਟ ਮਿਤੀ 20.02.18 ਰਾਹੀਂ ਲਿਖਿਆ ਹੈ ਕਿ ਇਸ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਹ ਟੈਂਡਰ ਵਿਚਾਰਣ ਹਿੱਤ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਰੱਖਣ ਦੀ ਸਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ ਨੇ ਅਪਣੇ ਨੋਟ ਮਿਤੀ 25.02.18 ਰਾਹੀਂ ਲਿਖਿਆ ਹੈ ਕਿ ਪ੍ਰਾਪਤ ਰੇਟ ਕੰਪੀਟੇਟਿਵ ਹਨ, ਇਸ ਲਈ ਟੈਂਡਰ ਪ੍ਰਵਾਨਗੀ ਹਿੱਤ ਪੇਸ਼ ਹੈ ਜੀ। ਮਾਨਯੋਗ ਕਮਿਸ਼ਨਰ ਜੀ ਨੇ ਅਪਣੇ ਨੋਟ ਮਿਤੀ 26.02.18 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ। ਸਥਾਨਕ ਸਰਕਾਰ ਦੇ ਪੱਤਰ ਨੰ: ਸ5-ਡਸਸ-ਮਸਸ-18/17518 ਮਿਤੀ 22.03.18 ਰਾਹੀਂ ਇਸ ਮਤੇ ਦੀ ਪ੍ਰਵਾਨਗੀ ਹੋ ਗਈ ਹੈ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਮੀਟਿੰਗ ਵਿੱਚ ਵਿਚਾਰਣ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ। ਇਹ ਵੀ ਫੈਸਲਾ ਹੋਇਆ ਕਿ ਹਾਲ ਦੀ ਘੜੀ ਇਹ ਖਰੀਦ 50% ਕਰਨ ਦੀ ਪ੍ਰਵਾਨਗੀ ਦਿੱਤੀ ਜਾਂਦੀ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ
27.8.2018

ਮਤਾ ਨੰਬਰ: 138

ਵਿਸ਼ਾ:- ਨਗਰ ਨਿਗਮ ਜਲੰਧਰ ਦੇ ਓ.ਐਂਡ ਐਮ. ਸਟੋਰ ਵਿਚ ਪਏ ਪੁਰਾਣੇ ਅਤੇ ਨਕਾਰਾ ਸਮਾਨ ਦੀ ਨੀਲਾਮੀ ਕਰਨ ਬਾਰੇ।

ਪੜ੍ਹਿਆ ਨੋਟ ਕਾਰਜਕਾਰੀ ਇੰਜੀਨੀਅਰ (ਓ.ਐਂਡ ਐਮ.) ਮਿਤੀ 25.7.2018 ਜਿਸ ਨਾਲ ਨਿਗਰਾਨ ਇੰਜੀਨੀਅਰ (ਓ.ਐਡ ਐਮ.) ਨੇ ਸਹਿਮਤੀ ਹਸਤਾਖਰ ਕੀਤੇ ਹਨ ਕਿ ਕਮਿਸ਼ਨਰ ਸਾਹਿਬ ਜੀ ਦੇ ਹੁਕਮ ਮਿਤੀ 27.04.2018 ਰਾਹੀਂ ਨਗਰ ਨਿਗਮ ਦੇ ਓ.ਐਂਡ.ਐਮ ਸਟੋਰ ਵਿੱਚ ਪਏ ਪੁਰਾਣੇ ਅਤੇ ਨਕਾਰਾ ਸਮਾਨ ਦੀ ਨਿਲਾਮੀ ਕਰਨ ਲਈ ਕਮੇਟੀ ਦਾ ਗਠਣ ਕੀਤਾ ਗਿਆ ਸੀ। ਇਸ ਉਪਰੰਤ ਓ.ਐਂਡ.ਐਮ ਸਟੋਰ ਵਿੱਚ ਪਏ ਪੁਰਾਣੇ ਅਤੇ ਨਕਾਰਾ ਸਮਾਨ ਦੀ ਨਿਲਾਮੀ ਮਿਤੀ 24.07.2018 ਨੂੰ ਕਰਵਾਈ ਗਈ। ਨਿਲਾਮੀ ਦੋਰਾਨ ਗਠਿਤ ਕੀਤੀ ਗਈ ਕਮੇਟੀ ਦੇ ਮੈਂਬਰਾਂ ਦੀ ਹਾਜਰੀ ਵਿੱਚ ਸਾਰੇ ਬੋਲੀਦਾਤਾ ਨੂੰ ਨਿਲਾਮੀ ਦੀਆਂ ਸਾਰੀਆਂ ਸ਼ਰਤਾਂ ਪੜ ਕੇ ਸੁਣਾਈਆਂ ਗਈਆਂ। ਨਿਲਾਮੀ ਦੀਆਂ ਸ਼ਰਤਾਂ ਸੁਣਨ ਅਤੇ ਮੰਨਣ ਉਪਰੰਤ ਕਮੇਟੀ ਮੈਂਬਰਾਂ ਦੀ ਹਾਜਰੀ ਵਿੱਚ ਸਾਰੇ ਬੋਲੀਦਾਤਾ ਤੋਂ ਰੁਪਏ 10,000/- ਬਤੋਰ ਸਕਿਉਰਿਟੀ ਜਮ੍ਹਾ ਕਰਵਾਈ ਗਈ। ਬੋਲੀ ਦੀ ਰੀਜਰਵ ਕੀਮਤ ਰੁਪਏ 16,61,842/- ਰੱਖੀ ਗਈ। ਬੋਲੀ ਦੀ ਸ਼ੁਰੂਆਤ ਮੈਸ: ਜੀ.ਐਸ ਟਰੇਡਰਜ ਵਲੋਂ ਰੁਪਏ 16,62,000/- ਤੋਂ ਸ਼ੁਰੂ ਕੀਤੀ ਗਈ। ਵੱਖ-ਵੱਖ ਬੋਲੀਦਾਤਾ ਵਲੋਂ ਵਖਰੇ-ਵਖਰੇ ਰੇਟਾਂ ਤੇ ਬੋਲੀ ਦਿੱਤੀ ਗਈ । ਆਖਿਰਕਾਰ ਮੈਸ: ਕਾਂਡਾ ਇੰਟਰਪ੍ਰਾਇਜਜ ਵਲੋਂ ਰੁਪਏ 19,00,000/- ਦੀ ਆਖਿਰੀ ਬੋਲੀ ਦਿੱਤੀ ਗਈ, ਜਿਸ ਤੋਂ ਬਾਅਦ ਕਿਸੇ ਹੋਰ ਬੋਲੀਦਾਤਾ ਨੇ ਬੋਲੀ ਨਹੀਂ ਵਧਾਈ। ਸਭ ਤੋਂ ਵੱਧ ਬੋਲੀ ਦੇਣ ਵਾਲੇ ਮੈਸ: ਕਾਂਡਾ ਇੰਟਰਪ੍ਰਾਇਜਜ ਕੋਲੋਂ ਮੋਕੇ ਤੇ ਬੋਲੀ ਦੀ ਰਕਮ ਦਾ 25% ਰੁਪਏ 4,75,000/- ਚੈਕ ਨੰਬਰ 052838 ਬੈਂਕ ਆਫ ਇੰਡੀਆ, ਅਵਤਾਰ ਨਗਰ ਮਿਤੀ 24.07.2018 ਰਾਹੀਂ ਚੈਕ ਲੈ ਲਿਆ ਗਿਆ ਹੈ ਜੋ ਕਿ ਬੋਲੀ ਪ੍ਰਵਾਨ ਹੋਣ ਉਪਰੰਤ ਨਗਰ ਨਿਗਮ ਦੇ ਖਜਾਨੇ ਵਿੱਚ ਜਮ੍ਹਾ ਕਰਵਾ ਦਿੱਤਾ ਜਾਵੇਗਾ। ਇਸ ਲਈ ਉਕਤ ਬੋਲੀ ਨੂੰ ਪ੍ਰਵਾਨ ਕਰਨ ਲਈ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿੱਚ ਵਿਚਾਰਨ ਹਿੱਤ ਪੇਸ਼ ਹੈ। ਕਮਿਸ਼ਨਰ ਜੀ ਨੇ ਮਿਤੀ 26.7.2018 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 31.7.2018 ਰਾਹੀਂ ਤਜਵੀਜ ਵਿੱਤ ਅਤੇ ਠੇਕਾ ਕਮੇਟੀ ਵਿਚ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 139

ਵਿਸ਼ਾ:– ਪ੍ਰੋਵਾਇਡਿੰਗ ਐਂਡ ਫਿਕਸਿੰਗ ਆਫ ਪੈਨਲ 90 ਹ.ਪ ਮੋਟਰ ਐਟ ਡਿਸਪੋਜਲ ਮਕਸੂਦਾਂ ਸਬਜੀ ਮੰਡੀ। ਜ਼ੋਨ ਨੰਬਰ 7 (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ	1,98,842/–	ਸੇਵਿੰਗ 13%
ਟੈਂਡਰ ਅਮਾਂਉਂਟ ਰੁਪਏ	1,72,992/–	
ਅਜੰਸੀ ਦਾ ਨਾਮ:	ਗੁਪਤਾ ਇਲੈਕਟ੍ਰਿਕ ਸਟੋਰ।	

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਰੁਪਏ 1,98,842/– ਦਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਜਿਸ ਨੂੰ ਮਤਾ ਨੰਬਰ 3(2) ਮਿਤੀ 08/11/2017 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਤਖਮੀਨੇ ਦੇ ਟੈਂਡਰ ਮਿਤੀ 24/01/2018 ਰਾਹੀਂ ਮੰਗੇ ਗਏ ਤੇ ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਹਨਾਂ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਮੈਸ: ਗੁਪਤਾ ਇਲੈਕਟ੍ਰਿਕ ਸਟੋਰ ਦੇ ਰੇਟ ਘੱਟ ਪਾਏ ਗਏ। ਇਸ ਅਜੰਸੀ ਨੇ 13% ਦੀ ਸੇਵਿੰਗ ਦਿੱਤੀ ਹੈ।

ਕਾਰਜਕਾਰੀ ਇੰਜੀਨੀਅਰ ਨੇ ਆਪਣੇ ਨੋਟ ਮਿਤੀ 11/04/2018 ਰਾਹੀਂ ਲਿਖਿਆ ਹੈ ਕਿ ਉਪਰੋਕਤ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਸ ਟੈਂਡਰ ਦੀ ਪ੍ਰਵਾਨਗੀ ਦੀ ਸ਼ਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਨੇ ਆਪਣੇ ਨੋਟ ਮਿਤੀ 11/04/2018 ਰਾਹੀਂ ਉਪਰੋਕਤ ਅਨੁਸਾਰ ਟੈਂਡਰ ਪ੍ਰਵਾਨ ਕਰਨ ਦੀ ਸਿਫਾਰਸ਼ ਕੀਤੀ ਹੈ, ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 24/04/2018 ਰਾਹੀਂ ਆਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/–ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 140

ਵਿਸ਼ਾ:- ਪ੍ਰੋਵਾਇਡਿੰਗ ਐਂਡ ਫਿਕਸਿੰਗ ਆਫ ਜੀ.ਓ ਸਵਿਚ ਐਟ ਬਸਤੀ ਪੀਰ ਦਾਦ ਸੀਵਰੇਜ ਟ੍ਰੀਟਮੇਂਟ ਪਲਾਂਟ। (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ	1,98,793/-	ਸੇਵਿੰਗ 3% ਆਫਟਰ ਨੈਗੋਸ਼ੇਸ਼ਨ
ਟੈਂਡਰ ਅਮਾਂਉਂਟ ਰੁਪਏ	1,92,829/-	
ਅਜੰਸੀ ਦਾ ਨਾਮ:	ਨਿਰਮਲ ਸਿੰਘ ਐਂਡ ਕੰਪਨੀ।	

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਰੁਪਏ 1,98,793/- ਦਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 69(15) ਮਿਤੀ 06/09/2017 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰਬਰ ਸ5-ਡਸਸ-ਮਸਸ-18/17518 ਮਿਤੀ 22.03.2018 ਰਾਹੀਂ ਪ੍ਰਾਪਤ ਹੋ ਚੁੱਕੀ ਹੈ। ਇਸ ਤਖਮੀਨੇ ਦੇ ਟੈਂਡਰ ਮਿਤੀ 28/11/2017 ਰਾਹੀਂ ਮੰਗੇ ਗਏ ਤੇ ਕੁੱਲ 3 ਟੈਂਡਰ ਪ੍ਰਾਪਤ ਹੋਏ, ਜਿਹਨਾਂ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਮੈਸ: ਨਿਰਮਲ ਸਿੰਘ ਐਂਡ ਕੰਪਨੀ ਦੇ ਰੇਟ ਘੱਟ ਪਾਏ ਗਏ। ਇਸ ਅਜੰਸੀ ਨੇ 2.5% ਦੀ ਸੇਵਿੰਗ ਦਿੱਤੀ ਹੈ।

ਕਾਰਜਕਾਰੀ ਇੰਜੀਨੀਅਰ ਨੇ ਆਪਣੇ ਨੋਟ ਮਿਤੀ 18/12/2017 ਰਾਹੀਂ ਲਿਖਿਆ ਹੈ ਕਿ ਉਪਰੋਕਤ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਸ ਟੈਂਡਰ ਦੀ ਪ੍ਰਵਾਨਗੀ ਦੀ ਸ਼ਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਨੇ ਆਪਣੇ ਨੋਟ ਮਿਤੀ 18/12/2017 ਰਾਹੀਂ ਠੇਕੇਦਾਰ ਦੀ ਸਹਿਮਤੀ ਨਾਲ ਸੇਵਿੰਗ 3% ਤੇ ਟੈਂਡਰ ਪ੍ਰਵਾਨ ਕਰਨ ਦੀ ਸ਼ਿਫਾਰਸ਼ ਕੀਤੀ ਹੈ, ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਮਿਤੀ 24/04/2018 ਰਾਹੀਂ ਆਪਣੇ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/-ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 141

ਵਿਸ਼ਾ:– ਪ੍ਰਚੇਜ ਆਫ Demolition Hammer ਫਾਰ ਜੋਨ ਨੰਬਰ 1 ਐਂਡ 3 (ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ	1,36,880/–	ਸੇਵਿੰਗ 19.15%
ਟੈਂਡਰ ਅਮਾਉਂਟ ਰੁਪਏ	1,10,667/–	
ਅਜੰਸੀ ਦਾ ਨਾਮ:	ਅਜੇ ਕੁਮਾਰ ਗੁਪਤਾ।	

ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਰੁਪਏ 1,36,880/– ਦਾ ਓ.ਐਂਡ.ਐਮ ਸ਼ਾਖਾ ਵਲੋਂ ਤਿਆਰ ਕੀਤਾ ਗਿਆ ਸੀ, ਜਿਸ ਨੂੰ ਨਗਰ ਨਿਗਮ ਹਾਊਸ ਵਲੋਂ ਮਤਾ ਨੰਬਰ 69(42) ਮਿਤੀ 06/09/2017 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਮਤੇ ਦੀ ਪ੍ਰਵਾਨਗੀ ਸਥਾਨਕ ਸਰਕਾਰ ਦੇ ਪੱਤਰ ਨੰਬਰ ਸ5–ਡਸਸ–ਮਸਸ–18/17518 ਮਿਤੀ 22.03.2018 ਰਾਹੀਂ ਪ੍ਰਾਪਤ ਹੋ ਚੁੱਕੀ ਹੈ। ਇਸ ਤਖਮੀਨੇ ਦੇ ਟੈਂਡਰ ਮਿਤੀ 28/11/2017 ਰਾਹੀਂ ਮੰਗੇ ਗਏ ਤੇ ਕੁੱਲ 4 ਟੈਂਡਰ ਪ੍ਰਾਪਤ ਹੋਏ, ਜਿਹਨਾਂ ਦੀ ਤੁਲਨਾਤਮਕ ਸੂਚੀ ਤਿਆਰ ਕੀਤੀ ਗਈ, ਜਿਸ ਅਨੁਸਾਰ ਅਜੇ ਕੁਮਾਰ ਗੁਪਤਾ, ਠੇਕੇਦਾਰ ਦੇ ਰੇਟ ਘੱਟ ਪਾਏ ਗਏ। ਇਸ ਅਜੰਸੀ ਨੇ 19.15% ਦੀ ਸੇਵਿੰਗ ਦਿੱਤੀ ਹੈ।

ਕਾਰਜਕਾਰੀ ਇੰਜੀਨੀਅਰ ਨੇ ਆਪਣੇ ਨੋਟ ਮਿਤੀ 18/12/2017 ਰਾਹੀਂ ਲਿਖਿਆ ਹੈ ਕਿ ਉਪਰੋਕਤ ਅਜੰਸੀ ਵਲੋਂ ਦਿੱਤੇ ਗਏ ਟੈਂਡਰ ਰੇਟ ਘੱਟ ਅਤੇ ਵਾਜਿਬ ਹਨ, ਇਸ ਲਈ ਇਸ ਟੈਂਡਰ ਦੀ ਪ੍ਰਵਾਨਗੀ ਦੀ ਸ਼ਿਫਾਰਸ਼ ਕੀਤੀ ਹੈ। ਨਿਗਰਾਨ ਇੰਜੀਨੀਅਰ, ਓ.ਐਂਡ.ਐਮ ਨੇ ਆਪਣੇ ਨੋਟ ਮਿਤੀ 18/12/2017 ਰਾਹੀਂ ਟੈਂਡਰ ਪ੍ਰਵਾਨ ਕਰਨ ਦੀ ਸ਼ਿਫਾਰਸ਼ ਕੀਤੀ ਹੈ, ਜਿਸ ਤੇ ਮਾਨਯੋਗ ਕਮਿਸ਼ਨਰ ਜੀ ਨੇ ਆਪਣੇ ਹੁਕਮ ਮਿਤੀ 24.04.2018 ਰਾਹੀਂ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਹੁਕਮਾਂ ਅਨੁਸਾਰ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਦੀ ਮੀਟਿੰਗ ਵਿੱਚ ਵਿਚਾਰਨ ਅਤੇ ਫੈਸਲੇ ਹਿੱਤ ਪੇਸ਼ ਹੈ ਜੀ।

ਫੈਸਲਾ:

ਪ੍ਰਵਾਨ ਹੈ।

ਸਹੀ/–ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 142

ਵਿਸ਼ਾ:– Carry out the work of Animal Birth Control /ARV of stray dogs in MCJ.
(ਟੈਂਡਰ ਪ੍ਰਵਾਨਗੀ ਸਬੰਧੀ।) ਜਨਰਲ

ਤਖਮੀਨਾ ਰੁ: 96,00,000/– ਟੈਂਡਰ ਅਮਾਉਂਟ ਰੁ: 79,58,400/– ਸੇਵਿੰਗ: 17.10%
ਫਰਮ ਦਾ ਨਾਂ: ਡਾ. ਸਿਮਰਨਜੀਤ ਸਿੰਘ, ਠੇਕੇਦਾਰ।

ਪੜ੍ਹਿਆ ਨੋਟ ਸਿਹਤ ਅਫਸਰ ਮਿਤੀ 23.8.2018 ਕਿ ਉਪਰੋਕਤ ਵਿਸ਼ੇ ਅਧੀਨ ਕੰਮ ਦਾ ਤਖਮੀਨਾ ਇੰਜੀਨੀਅਰਿੰਗ ਸ਼ਾਖਾ ਵੱਲੋਂ ਰੁ: 96,00,000/– ਦਾ ਤਿਆਰ ਕੀਤਾ ਗਿਆ ਹੈ। ਇਸ ਤਖਮੀਨੇ ਨੂੰ ਨਗਰ ਨਿਗਮ ਹਾਊਸ ਦੇ ਮਤਾ ਨੰ: 61, ਮਿਤੀ: 25.6.2018 ਰਾਹੀਂ ਪ੍ਰਵਾਨ ਕੀਤਾ ਗਿਆ। ਇਸ ਕੰਮ ਦੇ ਟੈਂਡਰ ਮਿਤੀ: 12.7.2018 ਨੂੰ ਈ–ਟੈਂਡਰਿੰਗ ਮਿਤੀ 2.8.2018 ਲਈ ਰਾਹੀਂ ਮੰਗੇ ਗਏ ਅਤੇ ਮਿਤੀ 3.8.2018 ਨੂੰ ਵਿੱਤੀ ਬਿਡ ਖੋਲੀ ਗਈ।ਜਿਸ ਵਿਚ ਕੁਲ ਤਿੰਨ ਟੈਂਡਰ ਵਸੂਲ ਹੋਏ ਅਤੇ ਤਿੰਨਾਂ ਠੇਕੇਦਾਰਾਂ ਦੀ ਵਿੱਤੀ ਬਿੰਡਾ ਵੈਲਿਡ ਪਾਈਆਂ ਗਈਆਂ । ਤੁਲਨਾਮਕ ਸੁਚੀ ਅਨੁਸਾਰ ਉਕਤ ਠੇਕੇਦਾਰ ਦਾ ਰੇਟ ਘੱਟ ਅਤੇ ਵਾਜਿਵ ਪਾਇਆ ਗਿਆ। ਠੇਕੇਦਾਰ ਇਸ ਕੰਮ ਨੂੰ 17.10% ਸੇਵਿੰਗ ਤੇ ਕਰਨ ਨੂੰ ਤਿਆਰ ਹੈ। ਇਹ ਕੰਮ ਪਬਲਿਕ ਹਿਤ ਵਿਚ ਹੈ। ਇਸ ਟੈਂਡਰ ਨੂੰ ਮੰਜੂਰ ਕਰਨ ਲਈ ਵਿੱਤ ਅਤੇ ਠੇਕਾ ਕਮੇਟੀ ਤੋਂ ਲੋੜੀਦੀ ਹੈ। ਕਮਿਸ਼ਨਰ ਜੀ ਨੇ ਮਿਤੀ 24.8.2018 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਰੱਖਣ ਹਿਤ ਸਹਿਮਤੀ ਹਸਤਾਖਰ ਕੀਤੇ ਹਨ।

ਮਾਨਯੋਗ ਮੇਅਰ ਜੀ ਦੇ ਆਦੇਸ਼ ਮਿਤੀ 24.8.2018 ਰਾਹੀਂ ਟੈਂਡਰ ਵਿੱਤ ਅਤੇ ਠੇਕਾ ਕਮੇਟੀ ਵਿਚ ਵਿਚਾਰਨ ਅਤੇ ਫੈਸਲੇ ਹਿਤ ਪੇਸ਼ ਹੈ ਜੀ ।

ਫੈਸਲਾ:

ਪ੍ਰਵਾਨ ਹੈ।

ਸਹੀ/–ਜਗਦੀਸ਼ ਰਾਜ ਰਾਜਾ, ਮੇਅਰ

27.8.2018

ਮਤਾ ਨੰਬਰ: 143

ਵਿਸ਼ਾ:– ਬੁੱਢਾ ਮੱਲ ਗਰਾਊਂਡ ਭਾਰਗੋ ਕੈਂਪ ਵਿਖੇ ਰਿਗ ਬੋਰ ਟਿਉਬਵੈਲ ਲਗਾਊਣ ਬਾਰੇ। ਵਾਰਡ ਨੰ: 50 ਪੁਰਾਣਾ (ਰਿਪਲੇਸਮੈਂਟ) (ਈ–ਟੈਂਡਰ ਪ੍ਰਵਾਨਗੀ ਹਿੱਤ)

ਤਖਮੀਨਾ ਰੁਪਏ: 20,09,303/–
ਟੈਂਡਰ ਮੰਗੇ ਰੁਪਏ: 18,10,935/– (ਬਿਜਲੀ ਕੁਨੈਕਸ਼ਨ ਦੇ ਰੱਖਵੇ ਰੁਪਏ 1,98,500/–)
ਕੁੱਲ ਪ੍ਰਾਪਤ ਟੈਂਡਰ = 3 ਟੈਂਡਰ ਅਮਾਊਂਟ ਰੁਪਏ: 17,70,008/– ਸੇਵਿੰਗ 2.26%
ਅਜੰਸੀ ਦਾ ਨਾਮ:– ਦੀ ਨਾਹਲ ਕੋ–ਆਪ ਐਲ.ਸੀ ਸੁਸਾਈਟੀ ਲਿਮਟਿਡ ਮੋਗਾ
ਈ.ਪੀ.ਐਫ ਨੰ: PB BTI 17467934 ESI No. 12000659920000999

